# AJIT LUDHIANA PUNJABI

**Dt. 15.07.2019 Monday**



ਸੀ.ਐਸ.ਆਈ.ਆਰ. ਤੇ ਸੀ.ਐਮ.ਈ.ਆਰ.ਆਈ. ਦੇ ਨਿਰਦੇਸ਼ਕ ਪ੍ਰੋ: ਹਰੀਸ਼ ਹਿਰਾਨੀ ਭੁਵਨੇਸ਼ਵਰ ਓਡੀਸਾ ਦੇ ਮੈਸਰਜ਼ ਬਾਸੁਦੇਵ ਬਾਇਓ ਡੀਜ਼ਲ ਐਲ.ਐਲ.ਪੀ. ਦੇ ਪ੍ਰਮੋਦ ਸਮੰਤਰਾ ਨੂੰ ਤਕਨਾਲੋਜੀ ਸਪੁਰਦ ਕਰਨ ਸਮੇਂ। ਤਸਵੀਰ:ਨੀਲ ਕਮਲ

## ਸੀ. ਐਮ. ਈ. ਆਰ. ਆਈ. ਵਲੋਂ ਰਹਿੰਦ-ਖੂੰਹਦ ਤੋਂ ਬਾਇਓ ਡੀਜ਼ਲ ਬਣਾਉਣ ਦੀ ਤਕਨੀਕ ਤਿਆਰ

ਲੁਧਿਆਣਾ, 14 ਜੁਲਾਈ (ਪੁਨੀਤ ਬਾਵਾ)- ਸੀ.ਐਸ.ਆਈ.ਆਰ. ਤੇ ਸੀ.ਐਮ.ਈ.ਆਰ.ਆਈ. ਵਲੋਂ ਰਹਿੰਦ-ਖੂੰਹਦ ਤੋਂ ਬਾਇਓ ਡੀਜ਼ਲ ਬਣਾਉਣ ਦੀ ਤਕਨੀਕ ਤਿਆਰ ਕੀਤੀ ਗਈ ਹੈ, ਜਿਸ ਨੂੰ ਅੱਜ ਲੁਧਿਆਣਾ ਵਿਖੇ ਸਥਿਤ ਉੱਤਰੀ ਭਾਰਤ ਦੇ ਇੱਕੋ ਇਕ ਕੇਂਦਰ ਵਿਖੇ ਨਿਰਦੇਸ਼ਕ ਪ੍ਰੋ: ਹਰੀਸ਼ ਹਿਰਾਨੀ ਦੀ ਹਾਜ਼ਰੀ ਵਿਚ ਭੁਵਨੇਸ਼ਵਰ ਓਡੀਸਾ ਦੇ ਮੈਸਰਜ਼ ਬਾਸੁਦੇਵ ਬਾਇਓ ਡੀਜ਼ਲ ਐਲ.ਐਲ.ਪੀ. ਨੂੰ ਸਪੁਰਦ ਕੀਤਾ ਗਿਆ। ਪ੍ਰੋ: ਹਿਰਾਨੀ ਨੇ ਕਿਹਾ ਕਿ ਸੀ. ਐਮ. ਈ. ਆਰ. ਆਈ. ਊਰਜਾ ਉਤਪਾਦਨ ਲਈ ਰਹਿੰਦ ਖੂੰਹਦ ਦੇ ਤੇਲ, ਜੈਵ ਪਦਾਰਥ ਤੇ ਨਗਰ ਨਿਗਮ ਦੇ ਠੋਸ ਕਚਰਾ ਵਰਤਣ ਲਈ ਨਿਰੰਤਰ ਖੋਜ ਤੇ ਨਵੀਆਂ ਤਕਨੀਕਾਂ ਨੂੰ ਵਿਕਸਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਬਾਇਓ ਡੀਜ਼ਲ ਪਲਾਂਟ ਦੇ ਪੂਰੇ ਆਟੋਮੈਟਿਕ ਅਪ ਸਕੇਲਵਰਜ਼ਨ 'ਦਾ ਵਿਕਾਸ ਕਰ ਰਿਹਾ ਹੈ, ਜਿਸ ਵਿਚ ਉੱਚ ਫ਼੍ਰੀਫੈਟੀ ਐਸਿਡ ਦੇ ਤੇਲ, ਰਸਾਇਣਾਂ ਦਾ ਮੁੜ ਵਖਰੇਵਾਂ ਅਤੇ ਉਪ ਉਤਪਾਦਾਂ ਦੀ ਸ਼ੁੱਧਤਾ ਕਰਨ ਵਰਗੀਆਂ ਕਈ ਹੋਰ ਵਿਸ਼ੇਸ਼ਤਾਵਾਂ ਹਨ। ਤਕਨੀਕ ਸਬੰਧੀ ਖੋਜ ਕਰਨ ਵਾਲੇ ਤੇ ਪ੍ਰਮੁੱਖ ਵਿਗਿਆਨੀ ਡਾ. ਕੇ. ਕੁੰਡੂ ਨੇ ਕਿਹਾ ਕਿ ਇਸ ਪਲਾਂਟ ਰਾਹੀਂ ਤਿਆਰ ਕੀਤਾ ਗਿਆ ਬਾਇਓ ਡੀਜ਼ਲ ਸਥਾਈ ਵਿਪਕਾਸ ਦੇ ਸਬੰਧ ਵਿਚ ਇਕ ਬਿਹਤਰ ਊਰਜਾ ਬਦਲ ਹੈ, ਕਿਉਂਕਿ ਇਹ ਕਾਰਬਨ ਮੋਨੋਆਕਸਾਈਡ, ਨਾਈਟ੍ਰੋਜਨ ਆਕਸਾਈਡ ਅਤੇ ਹੋਰ ਖ਼ਤਰਨਾਕ ਪਦਾਰਕਾਂ ਦੇ ਵਿਸ਼ਲੇਸ਼ਣ ਨੂੰ ਘੱਟ ਕਰਦਾ ਹੈ। ਇਹ ਤਕਨਾਲੋਜੀ ਬਾਇਓ ਡੀਜ਼ਲ ਉਤਪਾਦਕਾਂ ਲਈ ਵੀ ਕਾਫ਼ੀ ਲਾਹੇਵੰਦ ਹੈ, ਕਿਉਂਕਿ ਉਨ੍ਹਾਂ ਨੂੰ 5 ਤੋਂ 8 ਰੁਪਏ ਪ੍ਰਤੀ ਲੀਟਰ ਦਾ ਲਾਭ ਹੋਵੇਗਾ। ਤਕਨਾਲੋਜੀ 'ਤੇ ਜੋ ਪੈਸ ਖ਼ਰਚ ਕੀਤਾ ਜਾਣਾ ਹੈ, ਉਹ ਪੈਸਾ ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਵਾਪਸ ਹੋ ਸਕਦਾ ਹੈ। ਸਮਝੌਤਾ ਸਹੀਬੱਧ ਕਰਨ ਤੋਂ ਬਾਅਦ ਮੈਸਰਜ਼ ਬਾਸੁਦੇਵ ਬਾਇਓ ਡੀਜ਼ਲ ਐਲ.ਐਲ.ਪੀ. ਦੇ ਪ੍ਰਮੋਦ ਸਮੰਤਰਾ ਨੇ ਕਿਹਾ ਕਿ ਇਸ ਕਾਰੋਬਾਰੀ ਕੋਸ਼ਿਸ਼ ਲਈ ਉਹ ਸੰਸਥਾਂ ਦੇ ਧੰਨਵਾਦੀ ਹਨ। ਸਮਾਗਮ ਵਿਚ ਉਦਯੋਗਪਤੀਆਂ ਨੂੰ ਇਸ ਨਵੀਂ ਤਕਨੀਕ ਦੀ ਆਸਾਨ ਕਿਰਿਆ ਸ਼ੀਲਤਾ ਅਤੇ ਇਸ ਦੀ ਸਾਂਭ ਸੰਭਾਲ ਵਿਚ ਆਸਾਨੀ ਦਾ ਪ੍ਰਦਰਸ਼ਨ ਕੀਤਾ ਗਿਆ। ਇੰਸਟੀਚਿਊਟ ਵਲੋਂ ਇਕ 35 ਐਚ.ਪੀ. ਟਰੈਕਟਰ ਦੀ ਸਫ਼ਲਤਾ ਪੂਰਵਕ 1 ਹਜ਼ਾਰ ਘੰਟਿਆਂ ਲਈ ਬੀ. 110 ਭਾਵ 100 ਫ਼ੀਸਦੀ ਬਾਇਓ ਡੀਜ਼ਲ 'ਤੇ ਚਲਾਇਆ ਜਾ ਚੁੱਕਾ ਹੈ।